# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਪਤਰਸ ਅਤੇ ਪ੍ਰਾਥਨਾਂ ਦੀ ਤਾਕਤ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Ruth Klassen


ਕਹਾਣੀ 57 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ਼ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi







ਯਾੱਪਾ ਨਗਰ ਦੇ ਨੇੜ੍ਹੇ ਦੇ ਲੋਕ ਉਦਾਸ ਸਨ। ਇੱਕ ਮਸੀਹ ਔਰਤ ਦੌਰਕਸ ਉਦੋਂ ਹੀ ਮਰੀ ਸੀ। ਉਸਦੇ ਮਿੱਤਰਾਂ ਨੇ ਦੁੱਖ ਨਾਲ ਉਸਦਾ ਸਰੀਰ ਦਫ਼ਨਾਉਣ ਲਈ ਤਿਆਰ ਕੀਤਾ, ਤਦ ਉਸਨੂੰ ਉੱਪਰ ਦੇ ਕਮਰੇ ਵਿੱਚ ਰੱਖਿਆ ਜਿੱਥੇ ਸਭ ਨੇ ਅਫ਼ਸੋਸ ਕੀਤਾ।
3
ਪਰ ਦੌਰਕਸ ਦੇ ਮਿੱਤਰਾਂ ਨੇ ਸੁਣਿਆ ਕੀ ਪਤਰਸ ਉੱਥੇ ਆਇਆ ਹੈ। ਉਹਨਾਂ ਪਤਰਸ ਨੂੰ ਛੇਤੀ ਨਾਲ ਜੋਪਾ ਨੂੰ ਆਉਣ ਲਈ ਕਿਹਾ।
4
ਜਦ ਉਹ ਉੱਪਰ ਦੇ ਕਮਰੇ ਵਿੱਚ ਆਇਆ, ਵਿਧਵਾਵਾਂ ਨੇ ਉਸ ਨੂੰ ਉਹ ਕੱਪੜੇ ਅਤੇ ਕੁੜਤੇ ਵਿਖਾਏ ਜਿਹੜੇ ਦੌਰਕਸ ਨੇ ਉਹਨਾਂ ਲਈ ਬਣਾਏ ਸਨ। ਸਾਰੇ ਰੋ ਰਹੇ ਸਨ।
5
ਪਰ ਪਤਰਸ ਨੇ ਉਹਨਾਂ ਸਾਰਿਆ ਨੂੰ ਬਾਹਰ ਕੱਢ ਦਿੱਤਾ, ਅਤੇ ਗੋਢਿਆਂ ਭਾਰ ਹੋ ਕੇ ਪ੍ਰਾਥਨਾਂ ਕੀਤੀ। ਅਤੇ ਸਰੀਰ ਵੱਲ ਮੁੜਦਿਆਂ ਕਿਹਾ, “ਦੌਰਕਸ, ਉੱਠ।” ਅਤੇ ਉਸਨੇ ਆਪਣੀਆਂ ਅੱਖਾਂ ਖੋਲੀਆਂ, ਅਤੇ ਜਦ ਉਸਨੇ ਪਤਰਸ ਨੂੰ ਵੇਖਿਆ ਉਹ ਉੱਠ ਪਈ।
6
ਤਦ ਉਸ ਨੇ ਉਸਨੂੰ ਆਪਣਾ ਹੱਥ ਦਿੱਤਾ ਅਤੇ ਉਠਾਇਆ; ਅਤੇ ਜਦ ਸੰਤਾਂ ਅਤੇ ਵਿਧਵਾਵਾਂ ਨੂੰ ਬੁਲਾਇਆ, ਉਸਨੂੰ ਜਿੰਦਾ ਸੌਂਪ ਦਿੱਤਾ। ਅਤੇ ਇਹ ਸਾਰੇ ਜੋਪਾ ਵਿੱਚ ਪਤਾ ਚੱਲ ਗਿਆ, ਅਤੇ ਬਹੁਤਿਆਂ ਨੇ ਯਹੋਵਾ ਉੱਤੇ ਭਰੋਸਾ ਕੀਤਾ।
7
ਪਤਰਸ ਜੋਪਾ ਵਿੱਚ ਸਮੁੰਦਰ ਦੇ ਲਾਗੇ ਦੇ ਘਰ ਵਿੱਚ ਬਹੁਤ ਦੇਰ ਰੁਕਿਆ। ਇੱਕ ਦਿਨ ਪਤਰਸ ਘਰ ਦੇ ਉੱਪਰ ਵਾਲੇ ਹਿੱਸੇ ਵਿੱਚ
ਪ੍ਰਾਥਨਾਂ ਕਰਨ ਗਿਆ।
8


ਜਦ ਉਸਨੇ ਸ਼ਹਿਰ ਦੀ ਦੀਵਾਰ ਵੱਲ ਵੇਖਿਆ,
ਉਸਨੇ ਸ਼ਾਇਦ ਵੇਖਿਆ ਤਿੰਨ ਰਾਹਗੀਰ
ਉਸਨੂੰ ਲੱਭਦੇ ਆ ਰਹੇ ਸਨ।
9
ਇਹ ਤਿੰਨ ਮਨੁੱਖ ਰੋਮ ਦੇ ਸਿਪਾਹੀ ਕੁਰਨੇਲਿਉਸ ਦੇ ਦਾਸ ਸਨ
ਜੋ ਪਰਮੇਸ਼ਵਰ ਦੀ ਉਪਾਸਨਾ ਕਰਦਾ ਸੀ। ਕੁਰਨੇਲਿਉਸ ਨੇ
ਆਪਣੇ ਦਾਸਾਂ ਨੂੰ
ਪਤਰਸ ਨੂੰ
ਲੱਭਣ
ਘੱਲਿਆ
ਕਿਉਂਕਿ
ਇੱਕ ਦੂਤ ਨੇ ਉਸਨੂੰ
ਦਰਸ਼ਣ ਵਿੱਚ ਕਿਹਾ ਸੀ,
ਪਤਰਸ ਦੇ ਲਈ ਭੇਜ।
10
ਉਹ ਟੈਂਟ ਬਣਾਉਣ ਵਾਲੇ ਸੈਮਸਨ ਦੇ ਨਾਲ ਰਹਿ ਰਿਹਾ ਹੈ,
ਜਿਸ ਦਾ ਘਰ ਸਮੁੰਦਰ ਦੇ ਕਿਨਾਰੇ ਹੈ।
ਉਹ
ਤੁਹਾਨੂੰ
ਦੱਸੇਗਾ ਤੁਸੀ ਕੀ
ਕਰਨਾ ਹੈ।”
11
ਜਦ ਪਤਰਸ ਘਰ ਦੀ ਛੱਤ ਤੇ ਪ੍ਰਾਥਨਾਂ ਕਰ ਰਿਹਾ ਸੀ, ਪਰਮੇਸ਼ਵਰ ਨੇ
ਉਸਨੂੰ ਇੱਕ ਦਰਸ਼ਣ ਦਿੱਤਾ। ਇਹ ਇਸ ਤੁਰਾਂ ਲੱਗ ਰਿਹਾ ਸੀ ਕੀ ਇੱਕ
ਵੱਡੀ ਚਾਦਰ ਧਰਤੀ ਵੱਲ ਆ ਰਹੀ
ਹੈ। ਉਸ ਚਾਦਰ ਵਿੱਚ ਜਾਨਵਰ
ਅਤੇ ਪੰਛੀ ਸਨ।
12
ਪਤਰਸ ਨੇ ਕਿਹਾ ਕੀ ਇਹ ਸ਼ੁੱਧ ਨਹੀ ਹਨ। ਇਸ ਦਾ ਮਤਲਬ ਹੈ ਕੀ
ਯਹੂਦੀਆਂ ਨੂੰ ਉਹ ਖਾਣ ਦੀ ਇਜਾਜਤ ਨਹੀ ਸੀ। ਅਚਾਨਕ, ਉਸਨੂੰ ਇੱਕ
ਆਵਾਜ ਆਈ। “ਪਤਰਸ,
ਉੱਠ, ਮਾਰ ਅਤੇ
ਖਾਹ।”
13
“ਨਹੀ ਪਰਮੇਸ਼ਵਰ ਪਿਤਾ!”
ਪਤਰਸ ਨੇ ਪਰਮੇਸ਼ਵਰ ਨੂੰ
ਆਖਿਆ। “ਮੈਂ ਇਹੋ ਜਿਹੀ
ਅਸ਼ੁੱਧ ਵਸਤੂ ਕਦੀ ਨਹੀ ਖਾਦੀ।”
ਆਵਾਜ ਨੇ ਦੂਸਰੀ ਵਾਰ ਕਿਹਾ।
“ਜਿਸ ਨੂੰ ਪਰਮੇਸ਼ਵਰ ਨੇ ਸ਼ੁੱਧ
ਕੀਤਾ ਹੈ ਤੂੰ ਉਸ ਨੂੰ ਆਮ ਨਹੀ
ਕਹਿ ਸਕਦਾ।” ਇਹ ਤਿੰਨ ਵਾਰ
ਹੋਇਆ। ਅਤੇ ਤਦ ਚਾਦਰ
ਸਵਰਗ ਵਿੱਚ ਵਾਪਸ ਉਠਾ
ਲਈ ਗਈ।
14


ਪਤਰਸ ਨੂੰ ਦਰਸ਼ਣ ਦਾ ਮਤਲਬ ਸਮਝ ਨਾ
ਆਇਆ। ਜਿਵੇਂ ਹੀ ਉਹ ਉਸਦੇ ਬਾਰੇ ਸੋਚ
ਰਿਹਾ ਸੀ, ਪਰਮੇਸ਼ਵਰ ਨੇ ਉਸਨੂੰ ਆਖਿਆ
ਤਿੰਨ ਮਨੁੱਖ ਤੈਨੂੰ ਲੱਭ ਰਹੇ ਹਨ
ਅਤੇ ਤੈਨੂੰ ਉਹਨਾਂ ਦੇ
ਨਾਲ ਜਾਣਾ ਹੋਵੇਗਾ।
15


ਜਦ ਤਿੰਨ ਮਨੁੱਖਾਂ ਨੇ ਪਤਰਸ ਨੂੰ ਦੱਸਿਆ ਕੀ
ਇੱਕ ਪਵਿੱਤਰ ਦੂਤ ਨੇ ਕੁਰਨੇਲਿਉਸ ਨੂੰ ਕਿਹਾ
ਕੀ ਉਹਦੇ ਲਈ ਭੇਜਣ, ਪਤਰਸ ਜਾਣ ਗਿਆ
ਕੇ ਪਰਮੇਸ਼ਵਰ ਉਸਨੂੰ ਲਿਜਾ ਰਿਹਾ
ਸੀ।ਅਗਲੇ ਦਿਨ, ਉਹ
ਅਤੇ ਉਸਦੇ ਛੇ ਮਿੱਤਰ
ਕੁਰਨੇਲਿਉਸ ਦੇ
ਘਰ ਗਏ।
16


ਸ਼ਾਇਦ, ਜਿਵੇ ਹੀ ਉਸ ਨੇ
ਆਪਣਾ ਰਾਹ ਉਸ ਮਨੁੱਖ ਦੇ
ਘਰ ਵੱਲ ਕੀਤਾ ਜਿਹੜਾ
ਯਹੂਦੀ ਨਹੀ ਸੀ, ਪਤਰਸ ਨੇ
ਸਮਝਣਾ ਸ਼ੁਰੂ ਕਰ ਦਿੱਤਾ ਕੀ
ਪਰਮੇਸ਼ਵਰ ਸਾਰਿਆਂ ਲੋਕਾਂ
ਨੂੰ ਪਿਆਰ ਕਰਦਾ ਹੈ - ਕੀ
ਪਰਮੇਸ਼ਵਰ ਚਾਹੁੰਦਾ ਹੈ ਜੋ
ਸਾਰੇ ਦੇਸ਼ ਜਾਨਣ ਕੀ ਯਿਸੂ
ਹੀ ਸਾਰੇ ਸੰਸਾਰ ਦਾ ਮੁਕਤੀ
ਦਾਤਾ ਹੈ। ਜਦ ਪਤਰਸ
ਪਹੁੰਚਿਆ, ਕੁਰਨੇਲਿਉਸ ਉਸ
ਦੇ ਸਾਹਮਣੇ ਉਪਾਸਨਾ ਵਿੱਚ
ਡਿੱਗ ਪਿਆ।
17


“ਖੜ੍ਹਾ ਹੋ ਜਾਹ। ਮੈਂ ਵੀ ਇੱਕ ਮਨੁੱਖ ਹਾਂ,” ਪਤਰਸ ਨੇ ਕੁਰਨੇਲਿਉਸ
ਨੂੰ ਆਖਿਆ।
18


ਤਦ ਉਸ ਨੇ ਉਹਨਾਂ ਸਾਰਿਆਂ ਨੂੰ ਜੋ ਘਰ ਵਿੱਚ ਸਨ ਆਖਿਆ, “ਤੁਸੀ
ਜਾਣਦੇ ਹੋ ਕੀ ਇਹ ਕਿੰਨਾ ਵਿਵਸਥਾ ਦੇ ਵਿਰੁੱਧ ਹੈ ਕੀ ਇੱਕ ਯਹੂਦੀ ਦਾ
ਹੋਰ ਜਾਤੀ ਦੇ ਮਨੁੱਖਾਂ ਨਾਲ ਆਉਣਾ ਅਤੇ ਜਾਣਾ।”
19


“ਪਰ ਪਰਮੇਸ਼ਵਰ ਨੇ ਮੈਨੂੰ ਵਿਖਾਇਆ ਕੀ ਮੈਨੂੰ ਕਿਸੇ ਵੀ ਮਨੁੱਖ ਨੂੰ ਆਮ
ਅਤੇ ਅਸ਼ੁੱਧ ਨਹੀ ਕਹਿਣਾ ਚਾਹੀਦਾ।”
20

ਪਤਰਸ ਨੇ ਇਹ ਹੋਰਾਂ ਜਾਤੀਆਂ ਨੂੰ ਦੱਸਿਆ ਕੀ ਯਿਸੂ ਪਰਮੇਸ਼ਵਰ ਦਾ ਪੁੱਤਰ ਹੈ ਜਿਹੜਾ ਸਲੀਬ ਦੇ ਉੱਤੇ ਮਰਿਆ ਅਤੇ ਧਰਤੀ ਦਾ ਮੁਕਤੀਦਾਤਾ ਹੋਣ ਲਈ ਫਿਰ ਜਿੰਦਾ ਹੋ ਗਿਆ।ਤਦ ਪਵਿੱਤਰ ਆਤਮਾ ਉਹਨਾਂ ਸਾਰਿਆਂ ਤੇ ਉੱਤਰਿਆ ਅਤੇ ਉਹਨਾਂ ਨੇ ਪਰਮੇਸ਼ਵਰ ਦੀ ਉਪਾਸਨਾ ਕਰਨੀ ਸ਼ੁਰੂ ਕਰ ਦਿੱਤੀ।



21

ਪਤਰਸ ਦੇ ਛੇ ਯਹੂਦੀ ਮਿੱਤਰ ਹੈਰਾਨ ਹੋ ਗਏ। ਇਹ ਪੰਤੇਕੁਸਤ ਦੀ ਤੁਰਾਂ ਸੀ। ਪਵਿੱਤਰ ਆਤਮਾਂ ਦਾ ਵਰਦਾਨ ਹੋਰਾਂ ਜਾਤੀਆਂ ਉੱਤੇ ਵੀ ਉਡੇਲਿਆ ਜਾ ਰਿਹਾ ਸੀ।ਤਦ ਪਤਰਸ ਨੇ ਨਵੇਂ ਵਿਸ਼ਵਾਸੀਆਂ ਨੂੰ ਯਿਸੂ ਦੇ ਵਿੱਚ ਬਪਤਿਸਮਾ ਦਿੱਤਾ।



22

ਯਰੂਸ਼ਲਮ ਦੇ ਵਿੱਚ, ਈਸਾਈਆਂ ਨੇ ਪਤਰਸ ਨੂੰ ਹੋਰਾਂ ਜਾਤੀਆਂ ਦੇ ਵਿੱਚ ਜਾਣ ਲਈ ਝਿੜਕਿਆ। ਤਾਂ ਪਤਰਸ ਨੇ ਉਹਨਾਂ ਨੂੰ ਉਸ ਦਰਸ਼ਣ ਦੇ ਬਾਰੇ ਦੱਸਿਆ ਜਿਹੜਾ ਉਸਨੇ ਅਤੇ ਕੁਰਨੇਲਿਉਸ ਨੇ ਪ੍ਰਾਥਨਾਂ ਦੇ ਵਿੱਚ ਪਾਇਆ ਸੀ।



23

ਜਦ ਉਹਨਾਂ ਨੇ ਉਹ ਸਭ ਸੁਣਿਆ, ਤਾਂ ਯਰੂਸ਼ਲਮ ਦੇ ਈਸਾਈ ਸ਼ਾਤ ਹੋ ਗਏ ਅਤੇ ਉਹਨਾਂ ਨੇ ਪਰਮੇਸ਼ਵਰ ਦੀ ਮਹਿਮਾ ਕੀਤੀ, ਜਿਸ ਨੇ ਪ੍ਰਾਥਨਾਂ ਦੇ ਦੁਆਰਾ ਈਸਾਈ ਕਲੀਸੀਆ ਨੂੰ ਇਹ ਵਿਖਾਇਆ ਕੀ ਪਰਮੇਸ਼ਵਰ ਦਾ ਪਿਆਰ ਸਭਨਾਂ ਦੇ ਲਈ ਹੈ।



24

ਪਤਰਸ ਅਤੇ ਪ੍ਰਾਥਨਾਂ ਦੀ ਤਾਕਤ

ਇਹ ਕਹਾਣੀ ਪਰਮੇਸ੍ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਰਸੂਲਾਂ ਦੇ ਕਰਤੱਵ 9-12

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।